

# SAMPURAN GURU

## SRI GURU GRANTH SAHIB JI

## QUESTION & ANSWER

2024 YEAR END FUNDRAISER

SikhNet | sikhnet.com

SikhNet

## ਕ੍ਰਮਵਾਰ


ਪ੍ਰ.1 ਕੀ ਸਾਡੀ ਅਰਦਾਸ ਸੁਣੀ ਜਾਂਦੀ ਹੈ ?

ਪ੍ਰ.2 ਪ੍ਰਮਾਤਮਾ ਜਿਵੇਂ ਅਸੀਂ ਚਾਹੁੰਦੇ ਹਾਂ ਉਸ ਤਰ੍ਹਾਂ ਕਿਉਂ ਨਹੀਂ ਕਰਦਾ ?

ਪ੍ਰ.3 ਪਾਠ ਕਿਉਂ ਕਰਨਾ ਚਾਹੀਦਾ ਹੈ ?

ਪ੍ਰ.4 ਪਾਠ ਕਰਦੇ ਸਮੇਂ ਮਨ ਸਥਿਰ ਕਿਵੇਂ ਹੁੰਦਾ।

ਪ੍ਰ.5 ਕੀ ਜੋ ਵੀ ਹੋ ਰਿਹਾ ਹੈ ਪਹਿਲਾਂ ਤੋਂ ਹੀ ਨਿਰਧਾਰਿਤ ਹੈ ?

ਪ੍ਰ.6 ਜੇ ਪਿਛਲੇ ਲੇਖਾਂ ਦਾ ਹੀ ਫਲ ਮਿਲਣਾ ਹੈ ਤਾਂ ਨਾਮ ਕਿਉਂ ਜਪੀਏ ?

ਪ੍ਰ.7 ਕੀ ਦਾਨ ਦੇਣਾ ਚਾਹੀਦਾ ਹੈ ?

ਪ੍ਰ.8 ਭਗਤੀ ਅੰਮ੍ਰਿਤ ਵੇਲੇ ਹੀ ਕਿਉਂ ਕਰੋ ?

ਪ੍ਰ.9 ਕੀ ਬਾਣੀ ਨਾਲ ਸਰੀਰਕ ਅਤੇ ਮਾਨਸਿਕ ਰੋਗ ਦੂਰ ਹੋ ਸਕਦੇ ਹਨ ?

ਪ੍ਰ.10 ਧਾਰਮਿਕ ਸਥਾਨਾਂ ਅਤੇ ਸੰਗਤ ਰੋਜ ਕਰਨ ਦਾ ਕੀ ਲਾਭ ਹੈ ?

ਪ੍ਰ.11 ਅਰਦਾਸ ਦੀ ਕੀ ਮਹੱਤਤਾ ਹੈ ?

ਪ੍ਰੇਰਨਾ

ਉਦੇਸ਼

ਬੇਨਤੀ


## INDEX


**Q.1** Do our prayers (Ardaas) get addressed (prayers done for ourselves and others)?

**Q.2** Why didn’t God give us what we asked for?

**Q.3** Why should we read / chant Guru’s Bani (Lord’s Prayer)?

**Q.4** How to focus Mind in Gurbani (Lord’s Word) while reading / chanting ?

**Q.5** Whatever is happening, Is it already destined?

**Q.6** If everything is already destined, then why should we Pray?

**Q.7** Is it beneficial to give Charity?

Q.8 Why should we pray before dawn, when we have full day to pray ?

**Q.9** Can Gurbani Cure Sufferings & Diseases?

**Q.10** What is the benefit of daily going to gathering of People who worship God (Satsangat / Gurudawara)?

**Q.11** What is the importance of Ardas ?

ੴ ਸਤਿਗੁਰ ਪ੍ਰਸਾਦਿ॥

ਸੰਪੂਰਨ ਗੁਰੂ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਪ੍ਰਸ਼ਨ / ਉੱਤਰ

# SAMPURAN GURU

ਸੇਵਕ

ਹਰਸਿਮਰਨ ਸਿੰਘ

ਪ੍ਰ.1: ਕੀ ਸਾਡੀ ਅਰਦਾਸ ਸੁਣੀ ਜਾਂਦੀ ਹੈ ?

# Q1 DO OUR PRAYERS (ARDAAS) GET ADDRESSED (PRAYERS DONE FOR OURSELVES AND OTHERS) ?

ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਆਪਣੇ ਨੌਕਰ ਨੂੰ ਸਾਹਿਬ ਆਪਣੇ ਆਪ ਨੂੰ ਨੇੜੇ ਵਿਖਾਲਦਾ ਹੈ ।
The Lord appears near at hand to His servant.

Sri Guru Granth Sahib 403

ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥
ਜਿਹੜਾ ਕੁਛ ਨੌਕਰ ਆਪਣੇ ਮਾਲਕ ਕੋਲ ਆਖਦਾ ਹੈ, ਉਹ ਤੁਰਤ ਹੀ ਹੋ ਜਾਂਦਾ ਹੈ । ਠਹਿਰਾਉ ।
Whatever the servant asks of his Lord and Master, immediately comes to pass. ||1||Pause||

Sri Guru Granth Sahib 403

ਦੇ ਕੰਨੁ ਸੁਣਹੁ ਅਰਦਾਸਿ ਜੀਉ ॥
ਆਪਣਾ ਕੰਨ ਦੇ ਕੇ ਮੇਰੀ ਪ੍ਰਾਰਥਨਾ ਸੁਣ, ਹੇ ਸੁਆਮੀ !
Please hear my prayer, O Dear Lord.

Sri Guru Granth Sahib 73

ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥
ਮੈਂ ਸਾਰਿਆਂ ਨੂੰ ਚੰਗੀ ਤਰ੍ਹਾਂ ਨਿਰਣੇ ਕਰਕੇ ਵੇਖ ਲਿਆ ਹੈ ।
ਕੇਵਲ ਤੂੰ ਹੀ ਆਪਣੀ ਖੁਸ਼ੀ ਦੁਆਰਾ ਬੰਦਿਆਂ ਨੂੰ ਬੰਦ-ਖ਼ਲਾਸ ਕਰਦਾ ਹੈਂ ।
I have thoroughly tested and seen all-You alone, by Your Pleasure, can save us. ||12||

Sri Guru Granth Sahib 73

SikhNet

# Q2

ਪ੍ਰ.2: ਪ੍ਰਮਾਤਮਾ ਜਿਵੇਂ ਅਸੀਂ ਚਾਹੁੰਦੇ ਹਾਂ ਉਸ ਤਰ੍ਹਾਂ ਕਿਉਂ ਨਹੀਂ ਕਰਦਾ ?

## WHY DIDN'T GOD GIVE US WHAT WE ASKED FOR?

ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ ॥
ਇਨਸਾਨ ਅਤੇ ਹੋਰ ਪ੍ਰਾਣਧਾਰੀ ਸਮੂਹ ਤੇਰੀ ਪਨਾਹ ਲੋੜਦੇ ਹਨ।
ਉਨ੍ਹਾਂ ਸਾਰਿਆਂ ਦਾ ਫਿਕਰ ਤੈਨੂੰ ਹੀ ਹੈ।

All beings and creatures seek the Protection of Your Sanctuary; all thought of their care rests with You.

Sri Guru Granth Sahib 795

ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥
ਜਿਹੜਾ ਕੁਛ ਤੈਨੂੰ ਚੰਗਾ ਲੱਗਦਾ ਹੈ, ਹੇ ਸੁਆਮੀ! ਉਹ ਹੀ ਭਲਾ ਹੈ।
ਕੇਵਲ ਇਹ ਹੀ ਨਾਨਕ ਦੀ ਪ੍ਰਾਰਥਨਾ ਹੈ।

That which pleases Your Will is good; this alone is Nanak's prayer. ||4||2||

Sri Guru Granth Sahib 795

ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ ॥
ਚੁਲਬੁਲਾ ਹੈ ਚਿੱਤ ਗਰੀਬ ਬੱਚੇ ਦਾ।
ਉਹ ਸੱਪ ਅਤੇ ਅੱਗ ਨੂੰ ਭੀ ਹੱਥ ਪਾ ਲੈਂਦਾ ਹੈ।

The mind of the poor child is fickle; he touches even snakes and fire.

Sri Guru Granth Sahib 1266

ਪ੍ਰ.2: ਪ੍ਰਮਾਤਮਾ ਜਿਵੇਂ ਅਸੀਂ ਚਾਹੁੰਦੇ ਹਾਂ ਉਸ ਤਰ੍ਹਾਂ ਕਿਉਂ ਨਹੀਂ ਕਰਦਾ ?

# Q2 WHY DIDN'T GOD GIVE US WHAT WE ASKED FOR?

ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ ॥੨॥
ਮਾਂ ਅਤੇ ਪਿਉ ਉਸ ਨੂੰ ਆਪਣੀ ਛਾਤੀ ਨਾਲ ਲਾਈ ਰੱਖਦੇ ਹਨ ।
ਤਦ ਉਹ ਕੁਦਰਤੀ ਤੌਰ ਤੇ ਖੁਸ਼ੀ ਨਾਲ ਖੇਡਦਾ ਹੈ ।

His mother and father hug him close in their embrace, and so he plays in joy and bliss. ||2||

Sri Guru Granth Sahib 1266

# Q3

ਪ੍ਰ.3: ਪਾਠ ਕਿਉਂ ਕਰਨਾ ਚਾਹੀਦਾ ਹੈ ?

## WHY SHOULD WE READ / CHANT GURU'S BANI?

ਆਇਓ ਸੁਨਨ ਪੜਨ ਕਉ ਬਾਣੀ ॥
ਪ੍ਰਾਣੀ ਗੁਰਾਂ ਦੀ ਬਾਣੀ ਸ੍ਰਵਣ ਅਤੇ ਉਚਾਰਨ ਕਰਨ ਆਇਆ ਹੈ ।
The mortal came to hear and chant the Word of the Guru's Bani.

Sri Guru Granth Sahib 1219

ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥੧॥ ਰਹਾਉ ॥
ਨਾਮ ਨੂੰ ਭੁਲਾ ਤੂੰ ਆਪਣੇ ਆਪ ਨੂੰ ਹੋਰਨਾਂ ਖਾਹਿਸ਼ਾਂ ਨਾਲ ਜੋੜਦਾ ਹੈ । ਵਿਆਰਥ ਹੈ ਤੇਰਾ ਜੀਵਨ ਹੇ ਫਾਨੀ ਬੰਦੇ ! ਠਹਿਰਾਉ ।
But he has forgotten the Name, the Name of the Lord, and he has become attached to other temptations. His life is totally worthless! ||1||Pause||

Sri Guru Granth Sahib 1219

ਦੀਵਾ ਬਲੈ ਅੰਧੇਰਾ ਜਾਇ ॥
ਜਦ ਦੀਪਕ ਜਗ ਪੈਂਦਾ ਹੈ, ਅਨ੍ਹੇਰਾ ਦੂਰ ਹੋ ਜਾਂਦਾ ਹੈ,
When the lamp is lit, the darkness is dispelled;

Sri Guru Granth Sahib 791

# Q3

ਪ੍ਰ.3: ਪਾਠ ਕਿਉਂ ਕਰਨਾ ਚਾਹੀਦਾ ਹੈ ?

## WHY SHOULD WE READ / CHANT GURU'S BANI?

ਬੇਦ ਪਾਠ ਮਤਿ ਪਾਪਾ ਖਾਇ ॥
ਏਸੇ ਤਰ੍ਹਾਂ ਧਾਰਮਕ ਗ੍ਰੰਥ ਵਾਚਣ ਦੁਆਰਾ ਗੁਨਾਹ-ਭਰੀ ਅਕਲ ਨਾਸ ਹੋ ਜਾਂਦੀ ਹੈ ।
reading the Vedas, sinful intellect is destroyed.

Sri Guru Granth Sahib 791

ਉਗਵੈ ਸੂਰੁ ਨ ਜਾਪੈ ਚੰਦੁ ॥
ਜਦ ਸੂਰਜ ਚੜ੍ਹ ਪੈਂਦਾ ਹੈ, ਚੰਦਰਮਾ ਦਿਸਦਾ ਹੀ ਨਹੀਂ ।
When the sun rises, the moon is not visible.

Sri Guru Granth Sahib 791

ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥
ਜਿਥੇ ਬ੍ਰਹਮ ਗਿਆਤ ਪ੍ਰਗਟ ਹੋ ਜਾਂਦੀ ਹੈ ਬੇਸਮਝੀ ਦੂਰ ਹੋ ਜਾਂਦੀ ਹੈ ।
Wherever spiritual wisdom appears, ignorance is dispelled.

Sri Guru Granth Sahib 791

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥
ਰੂਹਾਨੀ ਰਹਿਬਰ, ਪੈਗੰਬਰ, ਰੱਬੀ ਰਾਹ ਵਿਖਾਉਣ ਵਾਲੇ,
ਸਿਦਕੀ ਬੰਦੇ ਭਲੇ ਪੁਰਸ਼ ਧਰਮ ਵਾਸਤੇ ਮਰਨ ਵਾਲੇ,
The Pirs, the Prophets, the spiritual teachers, the faithful, the innocents and the martyrs

Sri Guru Granth Sahib 53

# Q3

ਪ੍ਰ.3: ਪਾਠ ਕਿਉਂ ਕਰਨਾ ਚਾਹੀਦਾ ਹੈ ?

## WHY SHOULD WE READ / CHANT GURU'S BANI?

ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥
ਉਪਦੇਸ਼ਕ, ਅਭਿਆਸੀ, ਮੁਨਸਿਫ਼ ਮੌਲਵੀ ਅਤੇ ਸਾਹਿਬ ਦੇ ਦਰਬਾਰ ਵਿੱਚ ਪੁੱਜੇ ਹੋਏ ਸਾਧੂ,

the Shaikhs, the mystics, the Qazis, the Mullahs and the Dervishes at His Door.

Sri Guru Granth Sahib 53

ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥
ਉਨ੍ਹਾਂ ਨੂੰ ਵਧੇਰੇ ਬਖ਼ਸ਼ਸ਼ਾਂ ਮਿਲਦੀਆਂ ਹਨ,
ਜੇਕਰ ਉਹ ਸੁਆਮੀ ਦਾ ਜੱਸ ਵਾਚਦੇ ਰਹਿਣ।

they are blessed all the more as they continue reading their prayers in praise to Him. ||3||

Sri Guru Granth Sahib 53

ਪ੍ਰ.4: ਪਾਠ ਕਰਦੇ ਸਮੇਂ ਮਨ ਸਥਿਰ ਕਿਵੇਂ ਹੁੰਦਾ।

# Q4 HOW DO WE FOCUS THE MIND ON GURBANI WHILE READING / CHANTING ?

ਜਪੁ ਤਪੁ ਸੰਜਮੁ ਹਉਮੈ ਮਾਰਿ ॥
ਆਪਣੀ ਹੰਗਤਾ ਨੂੰ ਮਾਰਨ ਦੁਆਰਾ, ਬੰਦੇ ਦੀ ਉਪਾਸ਼ਨਾ, ਤਪੱਸਿਆ ਅਤੇ ਸਵੈ-ਰਿਆਜਤ ਕੀਤੀ ਹੋਈ ਜਾਣ ਲਈ ਜਾਂਦੀ ਹੈ ।
Chanting, intensive meditation and austere self discipline come by subduing the ego.

Sri Guru Granth Sahib 1342

ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥
ਜੋ ਆਪਣੇ ਆਪ ਨੂੰ ਮੇਟ ਸੁੱਟਦਾ ਹੈ ਅਤੇ ਆਪਣੀ ਹੰਗਤਾ ਨੂੰ ਮਾਰ ਮੁਕਾਉਂਦਾ ਹੈ, ਉਹ ਰਾਤ ਦਿਨ ਪ੍ਰਭੂ ਦੀ ਪਿਰਹੜੀ ਦੇ ਗੀਤ ਗਾਉਂਦਾ ਹੈ ।
One who eliminates his self centeredness, and eradicates his ego, night and day sings the songs of the Lord's Love.

Sri Guru Granth Sahib 833

ਗੁਰਮੁਖਿ ਕਰਣੀ ਕਾਰ ਕਮਾਵੈ ॥
ਜੇਕਰ ਪਵਿਤ੍ਰ ਪੁਰਸ਼ ਚੰਗੇ ਅਮਲਾ ਦੇ ਵਿਹਾਰ ਦੀ ਕਮਾਈ ਕਰੇ,
The Gurmukh practices doing good deeds;

Sri Guru Granth Sahib 159

ਤਾ ਇਸੁ ਮਨ ਕੀ ਸੋਝੀ ਪਾਵੈ ॥
ਤਦ, ਉਹ ਇਸ ਮਨੂਏ ਨੂੰ ਸਮਝ ਲੈਂਦਾ ਹੈ ।
Thus he comes to understand this mind.;

Sri Guru Granth Sahib 159

# Q4

ਪ੍ਰ.4: ਪਾਠ ਕਰਦੇ ਸਮੇਂ ਮਨ ਸਥਿਰ ਕਿਵੇਂ ਹੁੰਦਾ।

## HOW DO WE FOCUS THE MIND ON GURBANI WHILE READING / CHANTING ?

ਮਨੁ ਮੈ ਮਤੁ ਮੈਗਲ ਮਿਕਦਾਰਾ ॥
ਮਨੂਆ ਸ਼ਰਾਬ ਨਾਲ ਮਤਵਾਲੇ ਹੋਏ ਹਾਥੀ ਦੀ ਮਾਨੰਦ ਹੈ।
The mind is like an elephant, drunk with wine.

Sri Guru Granth Sahib 159

ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥
ਗੁਰੂ ਲੋਹੇ ਦਾ ਕੁੰਡਾ ਵਰਤਦਾ ਹੈ ॥ ਉਹ ਉਸ ਨੂੰ ਰਸਤਾ ਦਿਖਾਉਣ ਵਾਲਾ ਹੈ।
The Guru is the rod which controls it, and shows it the way. ||2||

Sri Guru Granth Sahib 159

ਮਨੁ ਅਸਾਧੁ ਸਾਧੈ ਜਨੁ ਕੋਇ ॥
ਮਨੂਆਂ ਕਾਬੂ ਵਿੱਚ ਆਉਣ ਵਾਲਾ ਨਹੀਂ।
ਕੋਈ ਵਿਰਲਾ ਪੁਰਸ਼ ਹੀ ਇਸ ਨੂੰ ਸਿੱਧਾ ਕਰਦਾ ਹੈ।
The mind is uncontrollable; how rare are those who subdue it.

Sri Guru Granth Sahib 159

ਅਚਰੁ ਚਰੈ ਤਾ ਨਿਰਮਲੁ ਹੋਇ ॥
ਜੇਕਰ ਇਹ ਮਨ ਦੇ ਅਮੋੜ-ਪਨ ਨੂੰ ਮੁਕਾ ਲਵੇ,
ਕੇਵਲ ਤਦ ਹੀ ਇਹ ਪਵਿਤ੍ਰ ਹੁੰਦਾ ਹੈ।
Those who move the immovable become pure.

Sri Guru Granth Sahib 159

SikhNet

# Q4

ਪ੍ਰ.4: ਪਾਠ ਕਰਦੇ ਸਮੇਂ ਮਨ ਸਥਿਰ ਕਿਵੇਂ ਹੁੰਦਾ।

## HOW DO WE FOCUS THE MIND ON GURBANI WHILE READING / CHANTING ?

ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਗੁਰੂ ਸਮਰਪਣ ਨੇ ਇਹ ਮਨੂਆਂ ਸਸ਼ੋਭਤ ਕਰ ਲਿਆ ਹੈ ।
The Gurmukhs embellish and beautify this mind.

Sri Guru Granth Sahib 159

ਹਉਮੈ ਵਿਚਹੁ ਤਜੇ ਵਿਕਾਰ ॥੩॥
ਆਪਣੇ ਅੰਦਰੋਂ ਉਸ ਨੇ ਮੰਦੇ ਹੰਕਾਰ ਨੂੰ ਬਾਹਰ ਕਢ ਦਿੱਤਾ ਹੈ ।
They eradicate egotism and corruption from within. ||3||

Sri Guru Granth Sahib 159

# Q5

ਪ੍ਰ.5 : ਕੀ ਜੋ ਵੀ ਹੋ ਰਿਹਾ ਹੈ ਪਹਿਲਾਂ ਤੋਂ ਹੀ ਨਿਰਧਾਰਿਤ ਹੈ ?

## WHATEVER IS HAPPENING, IS IT ALREADY DESTINED ?

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਸਾਈਂ ਦੇ ਫੁਰਮਾਨ ਦੁਆਰਾ ਸਰੀਰ ਬਣਦੇ ਹਨ।
ਉਸ ਦਾ ਫੁਰਮਾਨ ਵਰਨਣ ਕੀਤਾ ਨਹੀਂ ਜਾ ਸਕਦਾ।
By His Command, bodies are created;
His Command cannot be described.

Sri Guru Granth Sahib 1

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਉਸ ਦੇ ਫੁਰਮਾਨ ਨਾਲ ਰੂਹਾਂ ਹੋਂਦ ਵਿੱਚ ਆਉਂਦੀਆਂ ਹਨ ਅਤੇ ਉਸ ਦੇ ਫੁਰਮਾਨ ਨਾਲ ਹੀ ਮਾਨ ਪਰਾਪਤ ਹੁੰਦਾ ਹੈ।
By His Command, souls come into being; by His Command, glory and greatness are obtained.

Sri Guru Granth Sahib 1

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਉਸ ਦੇ ਫੁਰਮਾਨ ਦੁਆਰਾ ਪ੍ਰਾਨੀ ਚੰਗੇ ਤੇ ਮੰਦੇ ਹੁੰਦੇ ਹਨ ਅਤੇ ਉਸ ਦੇ ਲਿਖੇ ਫੁਰਮਾਨ ਦੁਆਰਾ ਹੀ ਉਹ ਗ਼ਮੀ ਤੇ ਖ਼ੁਸ਼ੀ ਪਾਉਂਦੇ ਹਨ।
By His Command, some are high and some are low;
by His Written Command, pain and pleasure are obtained.

Sri Guru Granth Sahib 1

# Q5

ਪ੍ਰ.5 : ਕੀ ਜੋ ਵੀ ਹੋ ਰਿਹਾ ਹੈ ਪਹਿਲਾਂ ਤੋਂ ਹੀ ਨਿਰਧਾਰਿਤ ਹੈ ?

## WHATEVER IS HAPPENING, IS IT ALREADY DESTINED ?

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਕਈਆਂ ਨੂੰ ਉਸ ਦੀ ਆਗਿਆ ਰਾਹੀਂ ਦਾਤਾਂ ਮਿਲਦੀਆਂ ਹਨ ਅਤੇ ਕਈ ਉਸ ਦੀ ਆਗਿਆ ਰਾਹੀਂ ਆਵਾਗਉਣ ਅੰਦਰ ਸਦੀਵ ਹੀ ਭੁਆਈਂਦੇ ਹਨ।
Some, by His Command, are blessed and forgiven; others, by His Command, wander aimlessly forever.

Sri Guru Granth Sahib 1

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਸਾਰੇ ਉਸ ਦੇ ਅਮਰ ਵਿੱਚ ਹਨ ਅਤੇ ਉਸ ਦੇ ਅਮਰ ਤੋਂ ਬਾਹਰ ਕੋਈ ਨਹੀਂ।
Everyone is subject to His Command; no one is beyond His Command.

Sri Guru Granth Sahib 1

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥
ਹੇ ਨਾਨਕ! ਜੇਕਰ ਇਨਸਾਨ ਪ੍ਰਭੂ ਦੇ ਫੁਰਮਾਨ ਨੂੰ ਸਮਝ ਲਵੇ, ਤਦ ਕੋਈ ਭੀ ਹੰਕਾਰ ਨਾਂ ਕਰੇ।
O Nanak, one who understands His Command, does not speak in ego. ||2||

Sri Guru Granth Sahib 1

# Q5

ਪ੍ਰ.5 : ਕੀ ਜੋ ਵੀ ਹੋ ਰਿਹਾ ਹੈ ਪਹਿਲਾਂ ਤੋਂ ਹੀ ਨਿਰਧਾਰਿਤ ਹੈ ?

## WHATEVER IS HAPPENING, IS IT ALREADY DESTINED ?

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ।

By the karma of past actions, the robe of this physical body is obtained. By His Grace, the Gate of Liberation is found.

Sri Guru Granth Sahib 2

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥
ਇਸ ਤਰ੍ਹਾਂ ਸਮਝ ਲੈ, ਹੇ ਨਾਨਕ !
ਕਿ ਸਤਿਪੁਰਖ ਸਾਰਾ ਕੁਛ ਆਪਣੇ ਆਪ ਤੋਂ ਹੀ ਹੈ ।

O Nanak, know this well: the True One Himself is All. ||4||

Sri Guru Granth Sahib 2

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥
ਹਿਸਾਬ ਵਿੱਚ ਆਦਮੀ ਬਚਨ ਬੋਲਦਾ ਹੈ ।
ਹਿਸਾਬ ਅੰਦਰ ਉਹ ਭੋਜਨ ਛਕਦਾ ਹੈ ।

As it is pre-ordained, people speak their words. As it is pre-ordained, they consume their food.

Sri Guru Granth Sahib 15

# Q5

ਪ੍ਰ.5 : ਕੀ ਜੋ ਵੀ ਹੋ ਰਿਹਾ ਹੈ ਪਹਿਲਾਂ ਤੋਂ ਹੀ ਨਿਰਧਾਰਿਤ ਹੈ ?

## WHATEVER IS HAPPENING, IS IT ALREADY DESTINED ?

ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥
ਹਿਸਾਬ ਅੰਦਰ ਉਹ ਰਾਹੋ ਟੁਰਦਾ ਹੈ ॥ ਹਿਸਾਬ ਅੰਦਰ ਉਹ ਸੁਣਦਾ ਤੇ ਦੇਖਦਾ ਹੈ।

As it is pre-ordained, they walk along the way. As it is pre-ordained, they see and hear.

Sri Guru Granth Sahib 15

ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥੧॥
ਹਿਸਾਬ ਅੰਦਰ ਉਹ ਸੁਆਸ ਲੈਂਦਾ ਹੈ।
ਮੈਂ ਪੜ੍ਹੇ ਲਿਖੇ ਕੋਲੋਂ ਪਤਾ ਕਰਨ ਲਈ ਕਿਉਂ ਜਾਵਾਂ?

As it is pre-ordained, they draw their breath. Why should I go and ask the scholars about this ? ||1||

Sri Guru Granth Sahib 15

ਪ੍ਰ.6: ਜੇ ਪਿਛਲੇ ਲੇਖਾਂ ਦਾ ਹੀ ਫਲ ਮਿਲਣਾ ਹੈ ਤਾਂ ਨਾਮ ਕਿਉ

# Q6 IF EVERYTHING IS ALREADY DESTINED, THEN WHY SHOULD WE PRAY?

ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ ॥
ਪ੍ਰੇਮ-ਮਈ ਸਿਮਰਨ ਅਤੇ ਸੱਚੀ ਪ੍ਰਾਰਥਨਾ ਦੁਆਰਾ ਇਨਸਾਨ ਸੁਆਮੀ ਦੇ ਸੱਚੇ ਦਰਬਾਰ ਅੰਦਰ ਬੈਠ ਜਾਂਦਾ ਹੈ।

In the Court of the True One, you shall sit in truthful devotion and prayer.

Sri Guru Granth Sahib 55

ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥
ਸਰਬ-ਵਿਆਪਕ ਸੁਆਮੀ ਦੇ ਨਾਮ ਦੀ ਰੋਸ਼ਨੀ ਵਿੱਚ ਇਨਸਾਨ ਦਾ ਹਿਸਾਬ ਕਿਤਾਬ ਇੱਜ਼ਤ ਨਾਲ ਬੇਬਾਕ ਹੋ ਜਾਂਦਾ ਹੈ।

Your account shall be settled with honor, in the Radiant Light of the Name of the Lord. ||7||

Sri Guru Granth Sahib 55

ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ ॥
ਸਾਹਿਬ ਦੇ ਨਫਰ ਵਾਹਿਗੁਰੂ ਦੀ ਪ੍ਰੀਤ ਦਾ ਅਨੰਦ ਭੋਗਦੇ ਹਨ।

The servant of the Lord and Master enjoys the Love and Affection of the Lord.

Sri Guru Granth Sahib 101

ਪ੍ਰ.6: ਜੇ ਪਿਛਲੇ ਲੇਖਾਂ ਦਾ ਹੀ ਫਲ ਮਿਲਣਾ ਹੈ ਤਾਂ ਨਾਮ ਕਿਉ

# Q6 IF EVERYTHING IS ALREADY DESTINED, THEN WHY SHOULD WE PRAY?

ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥
ਜਿਹੜਾ ਕੁਝ ਸੁਆਮੀ ਦਾ ਹੈ, ਉਹ ਉਸ ਦੇ ਗੁਮਾਸ਼ਤੇ ਦਾ ਹੈ ।
ਗੁਮਾਸ਼ਤਾ ਆਪਣੇ ਸੁਆਮੀ ਦੀ ਸੰਗਤ ਅੰਦਰ ਹੀ ਉਘਾ ਤੇ ਉਜਾਗਰ ਹੁੰਦਾ ਹੈ ।

That which belongs to the Lord and Master, belongs to His servant. The servant becomes distinguished in association with his Lord and Master. ||3||

Sri Guru Granth Sahib 101

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥
ਜਿਨ੍ਹਾਂ ਉੱਤੇ ਜਗਤ ਦੀ ਜਿੰਦ-ਜਾਨ ਸੁਆਮੀ ਮਿਹਰ ਕਰਦਾ ਹੈ, ਉਹ ਉਸ ਨੂੰ ਆਪਣੇ ਦਿਲ ਨਾਲ ਲਾਉਂਦੇ ਅਤੇ ਆਪਦੇ ਚਿੱਤ ਅੰਦਰ ਟਿਕਾਉਂਦੇ ਹਨ ।

Those, unto whom the Lord, the Life of the world, has shown Mercy, enshrine Him within their hearts, and cherish Him in their minds.

Sri Guru Granth Sahib 697

ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥
ਧਰਮ ਰਾਜ ਨੇ ਆਪਣੀ ਕਚਿਹਰੀ ਅੰਦਰ ਮੇਰੇ ਕਾਗਜ ਪਾੜ ਸੁੱਟੇ ਹਨ ਅਤੇ ਗੋਲੇ ਨਾਨਕ ਨੇ ਆਪਣਾ ਹਿਸਾਬ ਬੇਬਾਕ ਕਰ ਦਿੱਤਾ ਹੈ ॥

The Righteous Judge of Dharma, in the Court of the Lord, has torn up my papers; servant Nanak's account has been settled. ||4||5||

Sri Guru Granth Sahib 697

# Q7

ਪ੍ਰ.7: ਕੀ ਦਾਨ ਦੇਣਾ ਚਾਹੀਦਾ ਹੈ ?

## IS IT BENEFICIAL TO GIVE CHARITY?

ਘਾਲਿ ਖਾਇ ਕਿਛੁ ਹਥਹੁ ਦੇਇ ॥
ਜੋ ਦਸਾ ਨੌਂਹਾ ਦੀ ਮਿਹਨਤ ਮੁਸ਼ੱਕਤ ਕਰ ਕੇ ਖਾਂਦਾ ਹੈ ਅਤੇ ਆਪਣੇ ਹੱਥੋਂ ਕੁਝ ਪੁੰਨ-ਦਾਨ ਦਿੰਦਾ ਹੈ,
One who works for what he eats, and gives some of what he has

Sri Guru Granth Sahib 1245

ਨਾਨਕ ਰਾਹੁ ਪਛਾਣਹਿ ਸੇਇ ॥੧॥
ਹੇ ਨਾਨਕ, ਕੇਵਲ ਉਹ ਹੀ ਸੱਚੀ ਜੀਵਨ ਰਹੁ-ਰੀਤੀ ਨੂੰ ਜਾਣਦਾ ਹੈ ।
O Nanak, he knows the Path. ||1||

Sri Guru Granth Sahib 1245

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥
ਜਿਸ ਦੀ ਮਿਹਰਬਾਨੀ ਸਦਕਾ ਤੂੰ ਖੈਰਾਤ ਕਰਦਾ ਤੇ ਘਣੀ ਬਖ਼ਸ਼ੀਸ਼ ਦਿੰਦਾ
By His Grace, you give donations in abundance to charities;

Sri Guru Granth Sahib 270

ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥
ਹੇ ਬੰਦੇ ! ਅੱਠੇ ਪਹਿਰ ਹੀ ਉਸ ਦਾ ਆਰਾਧਨ ਕਰ ।
O mind, meditate on Him, twenty four hours a day.

Sri Guru Granth Sahib 270

# Q7

ਪ੍ਰ.7: ਕੀ ਦਾਨ ਦੇਣਾ ਚਾਹੀਦਾ ਹੈ ?

## IS IT BENEFICIAL TO GIVE CHARITY?

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਉਹ ਪ੍ਰਾਣ-ਧਾਰੀਆਂ ਤੇ ਤਰਸ ਕਰਦਾ ਹੈ, ਕੁਝ ਖੈਰਾਤ ਵਜੋਂ ਭੀ ਦਿੰਦਾ ਹੈ।
Showing mercy to other beings, he makes donations to charities.

Sri Guru Granth Sahib 468

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਕੇਵਲ ਤਦ ਹੀ ਬੰਦਾ ਸੱਚਾ ਜਾਣਿਆਂ ਜਾਂਦਾ ਹੈ,
ਜਦ ਉਹ ਆਪਣੇ ਦਿਲ ਦੇ ਧਰਮ-ਅਸਥਾਨ ਤੇ ਵੱਸਦਾ ਹੈ।
One knows the Truth only when he dwells in the sacred shrine of pilgrimage of his own soul.

Sri Guru Granth Sahib 468

ਪ੍ਰ.8: ਭਗਤੀ ਅੰਮ੍ਰਿਤ ਵੇਲੇ ਹੀ ਕਿਉਂ ਕਰੋ ?

# Q8 WHY SHOULD WE PRAY BEFORE DAWN, WHEN WE HAVE A FULL DAY TO PRAY ?

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਸੁਬ੍ਹਾ ਸਵੇਰੇ ਸਤਿਨਾਮ ਦਾ ਉਚਾਰਨ ਕਰ ਅਤੇ ਵਾਹਿਗੁਰੂ ਦੀਆਂ ਬਜ਼ੁਰਗੀਆਂ ਦਾ ਧਿਆਨ ਧਰ ।

In the Amrit Vaylaa, the ambrosial hours before dawn, chant the True Name, and contemplate His Glorious Greatness

Sri Guru Granth Sahib 2

ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥
ਤੈਨੂੰ ਕੋਈ ਫਿਕਰ ਚਿੰਤਾ ਨਹੀਂ ਵਾਪਰੇਗੀ ਅਤੇ ਮੁਸੀਬਤ ਅਲੋਪ ਹੋ ਜਾਏਗੀ ।

Anxiety shall not afflict you, O Nanak, and your misfortune shall vanish. ||1||

Sri Guru Granth Sahib 468

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਜੋ ਆਪਣੇ ਆਪ ਨੂੰ ਵੱਡੇ ਸੱਚੇ ਗੁਰਾਂ ਦਾ ਸਿੱਖ ਕਹਾਉਂਦਾ ਹੈ, ਉਸ ਨੂੰ ਅੰਮ੍ਰਿਤ ਵੇਲੇ ਉਠ ਕੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ ।

One who calls himself a Sikh of the Guru, the True Guru, shall rise in the early morning hours and meditate on the Lord's Name.

Sri Guru Granth Sahib 305

ਪ੍ਰ.8: ਭਗਤੀ ਅੰਮ੍ਰਿਤ ਵੇਲੇ ਹੀ ਕਿਉਂ ਕਰੋ ?

# Q8 WHY SHOULD WE PRAY BEFORE DAWN, WHEN WE HAVE A FULL DAY TO PRAY ?

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਸ ਨੂੰ ਬਹੁਤ ਤੜਕੇ ਉਪਰਾਲਾ ਕਰਕੇ, ਨ੍ਹਾਉਣਾ ਅਤੇ ਸੁਧਾਰਸ ਦੇ ਤਾਲਾਬ ਅੰਦਰ ਟੁੱਬੀ ਲਾਉਣ ਉਚਿੱਤ ਹੈ ।

Upon arising early in the morning, he is to bathe, and cleanse himself in the pool of nectar.

Sri Guru Granth Sahib 305

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਗੁਰਾਂ ਦੀ ਸਿਖਿਆ ਤਾਬੇ ਵਾਹਿਗੁਰੂ ਸੁਆਮੀ ਦੇ ਨਾਮ ਦਾ ਉਚਾਰਨ ਕਰਨ ਦੁਆਰਾ ਉਸ ਦੇ ਸਾਰੇ ਗੁਨਾਹ, ਕੁਕਰਮ ਤੇ ਦੂਸ਼ਣ ਉਤਰ ਜਾਂਦੇ ਹਨ ।

Following the Instructions of the Guru, he is to chant the Name of the Lord, Har, Har. All sins, misdeeds and negativity shall be erased.

Sri Guru Granth Sahib 305

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਮਗਰੋਂ, ਦਿਨ ਚੜ੍ਹੇ ਉਹ ਗੁਰਬਾਣੀ ਗਾਇਨ ਕਰਦਾ ਹੈ ਅਤੇ ਬਹਿੰਦਾ ਜਾ ਉਠਦਾ ਹੋਇਆ ਰੱਬ ਦੇ ਨਾਮ ਨੂੰ ਸਿਮਰਦਾ ਹੈ ।

Then, at the rising of the sun, he is to sing Gurbani; whether sitting down or standing up, he is to meditate on the Lord's Name.

Sri Guru Granth Sahib 305

# Q9

ਪ੍ਰ.9: ਕੀ ਬਾਣੀ ਨਾਲ ਸਰੀਰਕ ਅਤੇ ਮਾਨਸਿਕ ਰੋਗ ਦੂਰ ਹੋ ਸਕਦੇ ਹਨ ?

## CAN GURBANI CURE SUFFERING & DISEASE?

ਸਿਮਰਤ ਸਿਮਰਤ ਪ੍ਰਭ ਕਾ ਨਾਉ ॥
ਸੁਆਮੀ ਦੇ ਨਾਮ ਦਾ ਇਸ ਰਸ ਆਰਾਧਨ ਕਰਨ ਦੁਆਰਾ,
Meditating, meditating in remembrance on God's Name,

Sri Guru Granth Sahib 191

ਸਗਲ ਰੋਗ ਕਾ ਬਿਨਸਿਆ ਥਾਉ ॥੨॥
ਸਮੂਹ ਬੀਮਾਰੀਆਂ ਦਾ ਡੇਰਾ ਪੁਟਿਆ ਗਿਆ ਹੈ।
the dwelling of all disease is destroyed. ||2||

Sri Guru Granth Sahib 191

ਅਪੁਨੈ ਸੁਆਇ ਰਿਦੈ ਲੈ ਧਾਰਿਆ ॥
ਜੋ ਆਪਣੇ ਨਿੱਜ ਦੇ ਮਤਲਬ ਲਈ ਭੀ ਉਸ ਨੂੰ ਆਪਦੇ ਦਿਲ ਅੰਦਰ ਟਿਕਾਉਂਦਾ ਹੈ,
For their own purposes, they enshrine the Lord in the heart;

Sri Guru Granth Sahib 195

ਦੂਖ ਦਰਦ ਰੋਗ ਸਗਲ ਬਿਦਾਰਿਆ ॥੨॥
ਪ੍ਰਭੂ ਉਸ ਦੀ ਤਕਲੀਫ, ਪੀੜਾ ਅਤੇ ਸਾਰੀਆਂ ਬੀਮਾਰੀਆਂ, ਦੂਰ ਕਰ ਦਿੰਦਾ ਹੈ।
all pain, suffering and disease are taken away. ||2||

Sri Guru Granth Sahib 195

# Q9

ਪ੍ਰ.9: ਕੀ ਬਾਣੀ ਨਾਲ ਸਰੀਰਕ ਅਤੇ ਮਾਨਸਿਕ ਰੋਗ ਦੂਰ ਹੋ ਸਕਦੇ ਹਨ ?

## CAN GURBANI CURE SUFFERING & DISEASE?

ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ ॥
ਸ਼ਰਨਾਰਥੀ-ਰਖਿਅਕ, ਸਰਬ-ਸ਼ਕਤੀਵਾਨ ਤੇ ਮਨ ਚੁਰਾਉਣ ਵਾਲਾ ਸਮੂਹ ਗਮ ਦੂਰ ਕਰ ਦਿੰਦਾ ਹੈ ।

The All powerful Lord is our Sanctuary; He is the Enticer of the mind, who banishes all sorrows.

Sri Guru Granth Sahib 248

ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ ॥
ਸਾਰੀਆਂ ਜਹਿਮਤਾਂ, ਵਿਰਲਾਪ ਅਤੇ ਬਦੀਆਂ ਮੁਰ ਰਾਖਸ਼ ਨੂੰ ਮਾਰਨ ਵਾਲੇ ਸਾਈਂ ਦੇ ਨਾਮ ਦਾ ਜਾਪ ਕਰਨ ਨਾਲ ਨਾਸ ਹੋ ਜਾਂਦੀਆਂ ਹਨ ।

All illnesses, sufferings and pains are dispelled, by chanting the Name of the Lord.

Sri Guru Granth Sahib 248

ਬਿਨਵੰਤਿ ਨਾਨਕ ਕਰਹੁ ਕਿਰਪਾ ਸਮਰਥ ਸਭ ਕਲ ਧਾਰੀ ॥੩॥
ਨਾਨਕ ਬੇਨਤੀ ਕਰਦਾ ਹੈ, ਮੇਰੇ ਉਤੇ ਤਰਸ ਕਰ ਹੇ ਮੇਰੇ ਸਰਬ-ਸ਼ਕਤੀਵਾਨ ਸੁਆਮੀ ! ਸਾਰੀ ਤਾਕਤ ਤੇਰੇ ਹੱਥਾਂ ਵਿੱਚ ਹੈ ।

Prays Nanak, please be merciful to me, All powerful Lord; You are the Wielder of all power. ||3||

Sri Guru Granth Sahib 248

# Q9

ਪ੍ਰ.9: ਕੀ ਬਾਣੀ ਨਾਲ ਸਰੀਰਕ ਅਤੇ ਮਾਨਸਿਕ ਰੋਗ ਦੂਰ ਹੋ ਸਕਦੇ ਹਨ ?

## CAN GURBANI CURE SUFFERING & DISEASE?

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੱਚੀ ਗੁਰਬਾਣੀ ਨੂੰ ਸ਼੍ਰਵਣ ਕਰਨ ਦੁਆਰਾ ਮੈਂ ਤਕਲੀਫਾਂ ਬੀਮਾਰੀਆਂ ਤੇ ਕਸ਼ਟਾਂ ਤੋਂ ਖ਼ਲਾਸੀ ਪਾ ਗਿਆ ਹਾਂ ।

Pain, illness and suffering have departed, listening to the True Bani.

Sri Guru Granth Sahib 922

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸਾਧੂ ਤੇ ਮਿੱਤ੍ਰ ਇਸ ਨੂੰ ਪੂਰਨ ਗੁਰਾਂ ਪਾਸੋਂ ਜਾਣਨ ਦੁਆਰਾ ਪ੍ਰਸੰਨ ਹੋ ਗਏ ਹਨ ।

The Saints and their friends are in ecstasy, knowing the Perfect Guru.

Sri Guru Granth Sahib 922

ਪ੍ਰ.10: ਧਾਰਮਿਕ ਸਥਾਨਾਂ ਅਤੇ ਸੰਗਤ ਰੋਜ਼ ਕਰਨ ਦਾ ਕੀ ਲਾਭ ਹੈ ?

# Q10 WHAT IS THE BENEFIT OF SITTING WITH SANTSANGAT TO WORSHIP GOD (SATSANGAT / GURUDAWARA)?

ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹੇ ਮੇਰੀ ਰਮਤੀ ਆਤਮਾ! ਤੂੰ ਮੇਰੀ ਜਿੰਦ ਜਾਨ ਹੈਂ ॥ ਤੂੰ ਦੰਭ ਅਤੇ ਸੰਦੇਹ ਦੀ ਗੰਦਗੀ ਨੂੰ ਉਤਾਰ ਛਡ ।

O camel like mind, you are my breath of life; rid yourself of the pollution of hypocrisy and doubt.

Sri Guru Granth Sahib 234

ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥
ਪੂਰਨ ਗੁਰੂ ਜੀ ਈਸ਼ਵਰੀ ਆਬਿ-ਹਿਯਾਤ ਦੇ ਤਾਲਾਬ ਹਨ ॥ ਸਤਿ ਸੰਗਤ ਨਾਲ ਜੁੜਨ ਦੁਆਰਾ ਗਿਲਾਜ਼ਤ ਉਤਰ ਜਾਂਦੀ ਹੈ ।

The Perfect Guru is the Ambrosial Pool of the Lord's Nectar; join the Holy Congregation, and wash away this pollution. ||7||

Sri Guru Granth Sahib 234

ਪ੍ਰ.10: ਧਾਰਮਿਕ ਸਥਾਨਾਂ ਅਤੇ ਸੰਗਤ ਰੋਜ਼ ਕਰਨ ਦਾ ਕੀ ਲਾਭ ਹੈ ?

# Q10 WHAT IS THE BENEFIT OF SITTING WITH SANTSANGAT TO WORSHIP GOD (SATSANGAT / GURUDAWARA)?

ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ ॥

ਜਿਸ ਤਰ੍ਹਾਂ ਲਕੜ ਦੀ ਬੇੜੀ ਨਾਲ ਬਹੁਤਾ ਲੋਹਾ ਪਾਰ ਉਤਰ ਜਾਂਦਾ ਹੈ, ਏਸੇ ਤਰ੍ਹਾਂ ਹੀ ਸੰਤ ਸੰਤਿਸੰਗਤ ਅਤੇ ਵੱਡੇ, ਵਿਸ਼ਾਲ ਅਤੇ ਸੰਤ ਸਰੂਪ ਸੱਚੇ ਗੁਰੂ ਜੀ ਪਾਬਰਾਂ ਨੂੰ ਪਾਰ ਕਰ ਦਿੰਦੇ ਹਨ ।

Just like the heavy iron which is carried across on the wooden raft, sinners are carried across in the Saadh Sangat, the Company of the Holy, and the Guru, the True Guru, the Holy Guru.

Sri Guru Granth Sahib 1297

ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ ॥੨॥੫॥੧੧॥

ਚੌਹਾਂ ਜਾਤਾ ਅਤੇ ਚੌਹਾਂ ਹੀ ਸੰਪ੍ਰਦਾਵਾ ਵਿਚੋਂ ਜੋ ਕਸਈ ਭੀ ਵਿਸ਼ਾਲ ਗੁਰੂ ਨਾਨਕ ਦੇਵ ਜੀ ਨੂੰ ਮਿਲ ਪੈਂਦਾ ਹੈ, ਉਹ ਖੁਦ ਤਰ ਜਾਂਦਾ ਹੈ ਅਤੇ ਆਪਣੀਆਂ ਸਾਰੀਆਂ ਪੀੜ੍ਹੀਆਂ ਨੂੰ ਭੀ ਤਾਰ ਲੈਂਦਾ ਹੈ ।

There are four castes, four social classes, and four stages of life. Whoever meets the Guru, Guru Nanak, is himself carried across, and he carries all his ancestors and generations across as well. ||2||5||11||

Sri Guru Granth Sahib 1297

# Q10

ਪ੍ਰ.10: ਧਾਰਮਿਕ ਸਥਾਨਾਂ ਅਤੇ ਸੰਗਤ ਰੋਜ਼ ਕਰਨ ਦਾ ਕੀ ਲਾਭ ਹੈ ?

## WHAT IS THE BENEFIT OF SITTING WITH SANTSANGAT TO WORSHIP GOD (SATSANGAT / GURUDAWARA)?

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥
ਜਿਥੇ ਸਚੇ ਗੁਰੂ ਜੀ ਹੁੰਦੇ ਹਨ, ਉਥੇ ਹੀ ਸਾਧੂ ਜਨਾ ਦੀ ਸਭਾ ਹੁੰਦੀ ਹੈ ।

Where the True Guru is there is the Sat Sangat, the True Congregation.

Sri Guru Granth Sahib 160

ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥
ਜਿਸ ਜਗ੍ਹਾ ਤੇ ਸੱਚੇ ਗੁਰਦੇਵ ਬਿਰਾਜਦੇ ਹਨ, ਉਥੇ ਸੁਤੇ ਸਿੱਧ ਹੀ, ਵਾਹਿਗੁਰੂ ਦਾ ਜਸ ਗਾਇਨ ਹੁੰਦਾ ਹੈ।

Where the True Guru is there, the Glorious Praises of the Lord are intuitively sung.

Sri Guru Granth Sahib 160

ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥੨॥
ਜਿਥੇ ਸੱਚੇ ਗੁਰੂ ਮਹਾਰਰਾਜ ਹੁੰਦੇ ਹਨ ਉਥੇ ਨਾਮ ਦੇ ਰਾਹੀਂ ਪ੍ਰਾਣੀਆਂ ਦੀ ਹੰਗਤਾ ਸੜ ਜਾਂਦੀ ਹੈ।

Where the True Guru is there egotism is burnt away, through the Word of the Shabad. ||2||

Sri Guru Granth Sahib 160

# Q11

ਪ੍ਰ.11: ਅਰਦਾਸ ਦੀ ਕੀ ਮਹੱਤਤਾ ਹੈ ?

## WHAT IS THE IMPORTANCE OF ARDAS ?

ਹੈ ਹਜੂਰਿ ਹਾਜਰੁ ਅਰਦਾਸਿ ॥
ਸੁਆਮੀ ਹਾਜ਼ਰ ਨਾਜ਼ਰ ਹੈ ॥ ਉਸ ਦੀ ਹਜ਼ੂਰੀ ਅੰਦਰ ਪ੍ਰਾਰਥਨਾ ਕਰ।
He is the Presence Ever present; offer your prayers to Him.

Sri Guru Granth Sahib 352

ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ ਰਹਾਉ ॥
ਗ਼ਮੀ ਤੇ ਖੁਸ਼ੀ ਸੱਚੇ ਸਿਰਜਣਹਾਰ ਸੁਆਮੀ ਦੇ ਹੱਥ ਵਿੱਚ ਹਨ ॥ ਠਹਿਰਾਉ ।
Pain and pleasure are in the Hands of God, the True Creator. ||1||Pause||

Sri Guru Granth Sahib 352

ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ ॥
ਪਾਪੀਆਂ ਨੂੰ ਪਾਰ ਕਰਨ ਵਾਲਾ ਹੈ, ਮੈਂਡਾ ਸੱਚਾ ਗੁਰੂ ॥ ਉਸ ਅੰਦਰ ਮੈਂ ਆਪਣਾ ਯਕੀਨ ਧਾਰ ਲਿਆ ਹੈ।
My True Guru is the Savior of sinners; I have placed my trust and faith in Him.

Sri Guru Granth Sahib 620

# Q11

ਪ੍ਰ.11: ਅਰਦਾਸ ਦੀ ਕੀ ਮਹੱਤਤਾ ਹੈ ?

## WHAT IS THE IMPORTANCE OF ARDAS ?

ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ ॥੨॥੧੭॥੪੫॥
ਨਾਨਕ ਦੇ ਬੇਨਤੀ ਸ੍ਰਵਣ ਕਰ ਕੇ, ਸੱਚੇ ਸੁਆਮੀ ਨੇ ਉਸ ਦੇ ਸਾਰੇ ਗੁਨਾਹ ਮਾਫ ਕਰ ਦਿੱਤੇ ਹਨ ।

The True Lord has heard Nanak's Prayer and He has forgiven everything.

Sri Guru Granth Sahib 620

ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥
ਉਸ ਮੂਹਰੇ ਪ੍ਰਾਰਥਨਾ ਕਰ, ਜੋ ਖੁਸ਼ੀ ਬਖਸ਼ਣਹਾਰ ਅਤੇ ਡਰ ਦੂਰ ਕਰਨ ਵਾਲਾ ਹੈ ।

So offer your prayers to Him, the Giver of Peace, the Destroyer of fear.

Sri Guru Granth Sahib 44

ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥੩॥
ਜਿਸ ਉਤੇ ਮਾਇਆਵਾਨ ਮਾਲਕ ਆਪਣੀ ਮਾਇਆ ਧਾਰਦਾ ਹੈ, ਉਸ ਦੇ ਕੰਮ, ਤੱਤਕਾਲ ਠੀਕ ਹੋ ਜਾਂਦੇ ਹਨ ।

Showing His Mercy, the Merciful Master shall resolve your affairs. ||3||

Sri Guru Granth Sahib 44

SikhNet